# ਕੋਵਿਡ-19 ਵਿਚ ਗਰਭਅਵਸਥਾ ਅਤੇ ਨਵਜਾਤ ਬੱਚਿਆਂ ਸਬੰਧੀ ਨਤੀਜੇ

ਕੋਵਿਡ-19 ਵਿਚ ਗਰਭਅਵਸਥਾ ਅਤੇ ਨਵਜਾਤ ਬੱਚਿਆਂ ਸਬੰਧੀ ਨਤੀਜੇ ਇਲਾਜ ਅਤੇ ਰੋਕਥਾਮ ਵਿਚ ਮਾਰਗਦਰਸ਼ਨ ਲਈ ਕੁਦਰਤੀ ਪਿਛੋਕੜ ਨੂੰ ਸਮਝਣ ਲਈ ਗਰਭਅਵਸਥਾ ਅਤੇ ਉਨ੍ਹਾਂ ਦੇ ਨਵਜਾਤਾਂ ਵਿਚ ਕੋਵਿਡ-19 ਨਾਲ ਪ੍ਰਭਾਵਿਤ ਔਰਤਾਂ ਦੀ ਵਿਸ਼ਵੀ ਰਜਿਸਟਰੀ

## ਭਾਗ ਲੈਣ ਲਈ ਸੱਦਾ

ਅਸੀਂ ਉਨ੍ਹਾਂ ਔਰਤਾਂ, ਜਿਨ੍ਹਾਂ ਨੂੰ ਉਨ੍ਹਾਂ ਦੀ ਗਰਭਅਵਸਥਾ ਵਿਚ ਕੋਵਿਡ-19 ਦੀ ਲਾਗ ਹੋਣ ਦਾ ਜਾਂ SARS-CoV-2 (ਉਹ ਵਿਸ਼ਾਣੂੰ ਜੋ ਕੋਵਿਡ-19 ਦਾ ਕਾਰਨ ਬਣ ਸਕਦਾ ਹੈ) ਦੀ ਲਾਗ ਹੋਣ ਦੀ ਪੁਸ਼ਟੀ ਹੈ, ਨੂੰ ਇਸ ਖੋਜ ਅਧਿਐਨ ਵਿਚ ਭਾਗ ਲੈਣ ਲਈ ਸਹਿਮਤੀ ਦੇਣ ਵਾਸਤੇ ਸੱਦਾ ਦੇ ਰਹੇ ਹਾਂ ਤਾਂ ਜੋ ਉਨ੍ਹਾਂ ਦੀ ਗਰਭਅਵਸਥਾ ਦੇ ਬਾਰੇ ਜਾਣਕਾਰੀ ਨੂੰ ਇਕੱਠਾ ਕੀਤਾ ਜਾ ਸਕੇ। ਇਹ ਫਾਰਮ ਭਾਗ ਲੈਣ ਦੇ ਟੀਚਿਆਂ, ਜ਼ੋਖਮਾਂ ਅਤੇ ਲਾਭਾਂ ਦੇ ਬਾਰੇ ਜਾਣਕਾਰੀ ਦਿੰਦਾ ਹੈ।

**ਇਸ ਖੋਜ ਅਧਿਐਨ ਦੇ ਬਾਰੇ ਤੁਹਾਨੂੰ ਕੀ ਪਤਾ ਹੋਣਾ ਚਾਹੀਦਾ ਹੈ:**

**ਅਧਿਐਨ ਦਾ ਮਕਸਦ ਕੀ ਹੈ?** ਇਸ ਅਧਿਐਨ ਦਾ ਟੀਚਾ ਦੁਨੀਆਂ ਭਰ ਤੋਂ ਗਰਭਅਵਸਥਾ ਅਤੇ ਬੱਚਿਆਂ ਵਿਚ ਕੋਵਿਡ-19 ਅਤੇ SARS-CoV-2 ਦੇ ਬਾਰੇ ਦੀ ਜਾਣਕਾਰੀ ਨੂੰ ਇਕ ਰਜਿਸਟਰ ਵਿਚ ਇਕੱਠਾ ਕਰਨਾ ਹੈ ਜਿਸਨੂੰ ਕਿ ਖੋਜੀ ਟੀਮ ਦੁਨੀਆਂ ਭਰ ਦੇ ਸਿਹਤ ਦੇਖਭਾਲ ਦੇ ਪੇਸ਼ੇਵਰਾਂ ਨਾਲ ਸਾਂਝਾ ਕਰਨ ਲਈ ਵਰਤੇਗੀ, ਇਸ ਨਾਲ ਉਨ੍ਹਾਂ ਨੂੰ ਉਨ੍ਹਾਂ ਦੁਆਰਾ ਮੁਹੱਈਆ ਕਰਵਾਈ ਜਾਂਦੀ ਦੇਖਭਾਲ ਨੂੰ ਸੁਧਾਰਨ ਦਾ ਮੌਕਾ ਮਿਲੇਗਾ। ਅਸੀਂ ਸ਼ੁਰੂਆਤੀ ਗਰਭਅਵਸਥਾ, ਬੱਚਿਆਂ ਦੇ ਵਾਧੇ, ਸਮੇਂ ਤੋਂ ਪਹਿਲਾਂ ਦੀ ਡਿਲੀਵਰੀ ਅਤੇ ਬੱਚਿਆਂ ਦੀ ਸੰਭਾਵਤ ਲਾਗ ਉੱਤੇ ਕੋਵਿਡ-19 ਦੇ ਪ੍ਰਭਾਵਾਂ ਬਾਰੇ ਹੋਰ ਜਾਣਨਾ ਚਾਹਵਾਂਗੇ।

ਇਸ ਜਾਣਕਾਰੀ ਨੂੰ ਸੁਰੱਖਿਅਤ ਡਾਟਾਬੇਸ ਤੇ ਰੱਖਿਆ ਜਾਵੇਗਾ ਅਤੇ ਇਸਨੂੰ ਸਿਹਤ ਦੇਖਭਾਲ ਦੇ ਪੇਸ਼ੇਵਰਾਂ ਲਈ ਨਿਯਮਤ ਅਪਡੇਟ ਪੈਦਾ ਕਰਨ ਲਈ ਗੁੰਮਨਾਮੀ ਨਾਲ ਵਰਤਿਆ ਜਾਵੇਗਾ। ਇਨ੍ਹਾਂ ਰਿਪੋਰਟਾਂ ਅਤੇ ਜਾਣਕਾਰੀ ਨੂੰ ਸ਼ਾਮਲ ਕਰਦੀ ਵੈਬਸਾਇਟ ਆਮ ਜਨਤਾ ਲਈ ਉਪਲਬੱਧ ਹੈ https://pan-covid.org/

**ਮੈਨੂੰ ਕਿਉਂ ਚੁਣਿਆ ਗਿਆ ਹੈ?** ਤੁਹਾਨੂੰ ਭਾਗ ਲੈਣ ਦੇ ਲਈ ਵਿਚਾਰ ਕਰਨ ਲਈ ਚੁਣਿਆ ਗਿਆ ਹੈ ਕਿਉਂਕਿ ਤੁਹਾਨੂੰ ਗਰਭਅਵਸਥਾ ਦੇ ਦੌਰਾਨ ਜਾਂ ਉਸ ਤੋਂ ਤੁਰੰਤ ਬਾਅਦ ਕੋਵਿਡ-19 ਹੋਣ ਦੀ ਸੰਭਾਵਨਾ ਹੈ ਜਾਂ ਇਸਦੀ ਪੁਸ਼ਟੀ ਹੋਈ ਹੈ।

**ਕੀ ਮੇਰਾ ਭਾਗ ਲੈਣਾ ਜ਼ਰੂਰੀ ਹੈ?** ਇਹ ਨਿਰਣਾ ਤੁਹਾਡੇ ਉੱਪਰ ਨਿਰਭਰ ਕਰਦਾ ਹੈ ਕਿ ਭਾਗ ਲੈਣਾ ਹੈ ਜਾਂ ਨਹੀਂ। ਜੇ ਤੁਸੀਂ ਭਾਗ ਲੈਣ ਦਾ ਨਿਰਣਾ ਕਰਦੇ ਹੋ ਤਾਂ ਤੁਹਾਨੂੰ ਇਹ ਜਾਣਕਾਰੀ ਸ਼ੀਟ ਆਪਣੇ ਕੋਲ ਰੱਖਣ ਲਈ ਦਿੱਤੀ ਜਾਵੇਗੀ। ਜੇ ਤੁਸੀਂ ਭਾਗ ਲੈਣ ਦਾ ਨਿਰਣਾ ਕਰਦੇ ਹੋ, ਤੁਸੀਂ ਤਾਂ ਵੀ ਕਿਸੇ ਵੀ ਸਮੇਂ ਅਤੇ ਬਿਨਾਂ ਕੋਈ ਕਾਰਨ ਦੱਸਿਆਂ ਖੋਜ ਅਧਿਐਨ ਵਿਚੋਂ ਹੱਟਣ ਲਈ ਸੁਤੰਤਰ ਹੋ। ਕਿਸੇ ਵੀ ਸਮੇਂ ਹੱਟਣ ਲਈ ਲਿਆ ਗਿਆ ਨਿਰਣਾ, ਜਾਂ ਭਾਗ ਨਾ ਲੈਣ ਦਾ ਨਿਰਣਾ ਤੁਹਾਡੇ ਦੁਆਰਾ ਪ੍ਰਾਪਤ ਕੀਤੀ ਜਾਂਦੀ ਦੇਖਭਾਲ ਦੇ ਪੱਧਰ ਨੂੰ ਪ੍ਰਭਾਵਿਤ ਨਹੀਂ ਕਰੇਗਾ। ਜੇ ਤੁਸੀਂ ਭਾਗ ਲੈਣ ਵਿਚ ਖੁਸ਼ ਹੋ, ਤਾਂ ਅਸੀਂ ਤੁਹਾਡੀ ਮੌਖਿਕ ਸਹਿਮਤੀ ਦੀ ਮੰਗ ਕਰਾਂਗੇ ਜਿਸਨੂੰ ਕਿ ਰਿਕਾਰਡ ਕੀਤਾ ਜਾਵੇਗਾ।

**ਜੇ ਮੈਂ ਭਾਗ ਲੈਂਦਾ/ਦੀ ਹਾਂ ਤਾਂ ਕੀ ਵਾਪਰੇਗਾ?** ਤੁਹਾਡੀ ਸਿਹਤ ਦੇਖਭਾਲ ਦੇ ਪੇਸ਼ੇਵਰ, ਤੁਹਾਡੀ ਗਰਭਅਵਸਥਾ, ਗਰਭਅਵਸਥਾ ਤੋਂ ਬਾਅਦ ਦੀ ਅਵਧੀ ਅਤੇ ਤੁਹਾਡੇ ਬੱਚੇ ਬਾਰੇ ਜਾਣਕਾਰੀ ਨੂੰ ਅਧਿਐਨ ਦੀ ਸੁਰੱਖਿਅਤ ਵੈਬਸਾਇਟ ਵਿਚ ਦਾਖਲ ਕਰਨਗੇ। **ਇਸ ਦੇ ਵਿਚ ਤੁਹਾਡਾ ਐਨ ਐਚ ਐਸ (NHS) ਨੰਬਰ, ਤੁਹਾਡੇ ਬੱਚੇ ਦਾ ਐਨ ਐਚ ਐਸ (NHS) ਨੰਬਰ, ਤੁਹਾਡੀ ਜਨਮ ਤਾਰੀਖ, ਤੁਹਾਡੇ ਬੱਚੇ ਦੀ ਜਨਮ ਤਾਰੀਖ, ਗਰਭਅਵਸਥਾ ਦੀਆਂ ਮੁੱਖ ਤਰੀਖਾਂ ਅਤੇ ਤੁਹਾਡੀ ਸਿਹਤ ਦੇ ਬਾਰੇ ਜਾਣਕਾਰੀ ਅਤੇ ਗਰਭਅਵਸਥਾ ਦੇ ਨਤੀਜੇ ਸ਼ਾਮਲ ਹੋਣਗੇ। ਤੁਹਾਡੇ ਨਾਲ ਦੁਬਾਰਾ ਸੰਪਰਕ ਨਹੀਂ ਕੀਤਾ ਜਾਵੇਗਾ। ਅਸੀਂ ਗਰਭਅਵਸਥਾ ਸਬੰਧੀ ਅਤੇ ਬੱਚੇ ਦੇ 2 ਸਾਲ ਦਾ ਉਮਰ ਦਾ ਹੋਣ ਤੱਕ, ਤੁਹਾਡੇ ਅਤੇ ਤੁਹਾਡੇ ਬੱਚੇ ਤੋਂ ਰੁਟੀਨ ਵਿਚ ਉਪਲਬੱਧ ਸਿਹਤ ਜਾਣਕਾਰੀ ਨੂੰ ਡਾਟਾ ਨਾਲ ਜੋੜਨ ਲਈ ਐਨ ਐਚ ਐਸ (NHS) ਨੰਬਰਾਂ ਦੀ ਵਰਤੋਂ ਕਰਾਂਗੇ।** ਜੇ ਤੁਹਾਡੇ ਬੱਚੇ ਨੂੰ ਐਨ ਐਚ ਐਸ (NHS) ਨਿਓਨੇਟਲ ਯੂਨਿਟ ਵਿਚ ਦਾਖਲ ਕਰ ਲਿਆ ਜਾਂਦਾ ਹੈ, ਤਾਂ ਜਾਣਕਾਰੀ ਨੂੰ ਯੂ ਕੇ ਹੈਲਥ ਰਿਸਰਚ ਅਥਾਰਟੀ (UK Health Research Authority) ਦੁਆਰਾ ਸਵੀਕ੍ਰਿਤੀ ਦਿੱਤੇ ਨੈਸ਼ਨਲ ਨਿਓਨੇਟਲ ਰਿਸਰਚ ਡਾਟਾਬੇਸ (Neonatal Research Database) ਤੋਂ ਪ੍ਰਾਪਤ ਕੀਤਾ ਜਾਵੇਗਾ। ਅਸੀਂ ਤੁਹਾਨੂੰ ਇਹ ਵੀ ਪੁੱਛਾਂਗੇ ਕਿ ਕੀ ਤੁਸੀਂ ਕੋਵਿਡ-19 ਅਤੇ ਗਰਭ ਅਵਸਥਾ ਨਾਲ ਸਬੰਧਿਤ ਨੈਤਿਕ ਮਨਜ਼ੂਰੀ ਪ੍ਰਾਪਤ ਹੋਰ ਖੋਜ ਪ੍ਰੋਜੈਕਟਾਂ ਵਿਚ ਭਾਗ ਲੈਣ ਦੇ ਸਬੰਧ ਵਿਚ ਸੰਪਰਕ ਕੀਤੇ ਜਾਣ ਦੇ ਇਛੁੱਕ ਹੋਵੋਗੇ, ਇਸ ਦੇ ਬਾਰੇ ਤੁਹਾਡਾ ਨਿਰਣਾ ਪੈਨ-ਕੋਵਿਡ ਅਧਿਐਨ ਵਿਚ ਤੁਹਾਡੀ ਸ਼ਮੂਲੀਅਤ ਨੂੰ ਪ੍ਰਭਾਵਿਤ ਨਹੀਂ ਕਰਦਾ ਹੈ।

**ਭਾਗ ਲੈਣ ਦੇ ਸੰਭਾਵਤ ਲਾਭ ਕੀ ਹਨ?** ਇਸ ਅਧਿਐਨ ਵਿਚ ਭਾਗ ਲੈਣ ਤੇ ਤੁਹਾਨੂੰ ਕੋਈ ਵੀ ਪ੍ਰਤੱਖ ਲਾਭ ਨਹੀਂ ਮਿਲਣਗੇ। ਅਸੀਂ ਇਸ ਰਜਿਸਟਰ ਲਈ ਇਕੱਠੀ ਕੀਤੀ ਗਈ ਜਾਣਕਾਰੀ ਨੂੰ ਗਰਭਅਵਸਥਾ ਵਿਚ ਕੋਵਿਡ 19 ਦੇ ਪ੍ਰਭਾਵ ਬਾਰੇ ਸਮਝ ਨੂੰ ਵਧਾਉਣ ਅਤੇ ਸਿਹਤ ਦੇਖਭਾਲ ਦੇ ਪੇਸ਼ੇਵਰਾਂ ਦੀ ਬਿਮਾਰੀ ਦੇ ਇਲਾਜ ਵਿਚ ਸੁਧਾਰ ਕਰਨ ਅਤੇ ਰੋਕਥਾਮ ਵਿਚ ਮਦਦ ਕਰਨ ਲਈ ਵਰਤਾਂਗੇ।

**ਅਧਿਐਨ ਵਿਚ ਭਾਗ ਲੈਣ ਦੇ ਸੰਭਾਵਤ ਜ਼ੋਖਮ ਕੀ ਹਨ?** ਇਸ ਅਧਿਐਨ ਵਿਚ ਭਾਗ ਲੈਣ ਦੇ ਇਸ ਤਰ੍ਹਾਂ ਦੇ ਕੋਈ ਜ਼ੋਖਮ ਨਹੀਂ ਹਨ ਜਿਨ੍ਹਾਂ ਨੂੰ ਅਸੀਂ ਸੋਚ ਸਕਦੇ ਹੋਈਏ, ਕਿਉਂਕਿ ਅਸੀਂ ਇਸ ਅਧਿਐਨ ਵਿਚ ਕੇਵਲ ਡਾਟਾ ਇਕੱਤਰ ਕਰ ਰਹੇ ਹੋਵਾਂਗੇ।

**ਖੋਜ ਅਧਿਐਨ ਦੇ ਨਤੀਜਿਆਂ ਦਾ ਕੀ ਬਣੇਗਾ?** ਇਸ ਅਧਿਐਨ ਦੇ ਨਤੀਜਿਆਂ ਨੂੰ ਅਧਿਐਨ ਵਾਲੀ ਵੈਬਸਾਇਟ, ਮੈਡੀਕਲ ਜਰਨਲਾਂ ਵਿਚ ਪ੍ਰਕਾਸ਼ਿਤ ਕੀਤਾ ਜਾਵੇਗਾ ਅਤੇ ਮੈਡੀਕਲ ਕਾਨਫਰੰਸਾਂ ਵਿਚ ਪ੍ਰਸਤੁਤ ਕੀਤਾ ਜਾਵੇਗਾ। ਕਿਸੇ ਵੀ ਰਿਪੋਰਟ ਜਾਂ ਪ੍ਰਕਾਸ਼ਨ ਵਿਚ ਤੁਹਾਡੀ ਪਛਾਣ ਜ਼ਾਹਰ ਨਹੀਂ ਹੋਏਗੀ।

**ਇਸ ਖੋਜ ਦਾ ਸੰਯੋਜਨ ਅਤੇ ਫੰਡਿੰਗ ਕੌਣ ਕਰ ਰਿਹਾ ਹੈ?** ਇਸ ਅਧਿਐਨ ਨੂੰ ਯੂ ਕੇ ਮੈਡੀਕਲ ਰਿਸਰਚ ਕਾਊਂਸਿਲ (UK Medical Research Council) ਦੁਆਰਾ ਫੰਡ ਦਿੱਤਾ ਜਾ ਰਿਹਾ ਹੈ

**ਇਸ ਅਧਿਐਨ ਦੀ ਸਮੀਖਿਆ ਕਿਸਨੇ ਕੀਤੀ ਹੈ?** ਐਨ ਐਚ ਐਸ (NHS) ਵਿਚ ਇਸਨੂੰ ਕੀਤੇ ਜਾਣ ਲਈ ਹੇਡੋਕ ਰਿਸਰਚ ਐਥਿਕਸ ਕਮੇਟੀ (Haydock Research Ethics Committee) ਦੁਆਰਾ ਸਕਾਰਾਤਮਕ ਨੈਤਿਕ ਰਾਏ ਦਿੱਤੀ ਗਈ ਸੀ।

**ਜੇ ਕੁਝ ਗਲਤ ਹੋ ਜਾਂਦਾ ਹੈ ਤਾਂ ਕੀ ਹੋਏਗਾ?** ਜੇ ਖੋਜ ਅਧਿਐਨ ਦੇ ਦੌਰਾਨ ਤੁਹਾਨੂੰ ਨੁਕਸਾਨ ਪਹੁੰਚਦਾ ਹੈ, ਤਾਂ ਇਸ ਬਾਰੇ ਕਿਸੇ ਤਰ੍ਹਾਂ ਦੇ ਮੁਆਵਜ਼ੇ ਸਬੰਧੀ ਖਾਸ ਪ੍ਰਬੰਧ ਨਹੀਂ ਹਨ। ਜੇ ਤੁਹਾਨੂੰ ਕਿਸੇ ਦੀ ਅਣਗਹਿਲੀ ਕਾਰਨ ਨੁਕਸਾਨ ਹੁੰਦਾ ਹੈ, ਤਾਂ ਤੁਹਾਡੇ ਕੋਲ ਕਾਨੂੰਨੀ ਕਾਰਵਾਈ ਕਰਨ ਲਈ ਆਧਾਰ ਹੋ ਸਕਦੇ ਹਨ। ਇਸ ਸੰਦਰਭ ਦੇ ਬਿਨਾਂ, ਜੇ ਤੁਸੀਂ ਸ਼ਿਕਾਇਤ ਕਰਨ ਦੀ ਇੱਛਾ ਰੱਖਦੇ ਹੋ, ਜਾਂ ਜਿਸ ਤਰ੍ਹਾਂ ਤੁਹਾਡੇ ਨਾਲ ਅਧਿਐਨ ਦੇ ਦੌਰਾਨ ਵਿਹਾਰ ਕੀਤਾ ਗਿਆ ਹੈ ਉਸਦੇ ਕਿਸੇ ਪੱਖ ਦੇ ਬਾਰੇ ਚਿੰਤਾਵਾਂ ਹਨ ਤਾਂ ਉਨ੍ਹਾਂ ਨੂੰ ਨਿਰੀਖਕ ਕ੍ਰਿਸਟੋਫ਼ਰ ਲੀਸ ਨੂੰ c.lees@imperial.ac.uk 'ਤੇ ਸੂਚਿਤ ਕਰਨਾ ਚਾਹੀਦਾ ਹੈ। ਨੈਸ਼ਨਲ ਹੈਲਥ ਸਰਵਿਸ (National Health Service) ਦੇ ਸ਼ਿਕਾਇਤਾਂ ਕਰਨ ਦੇ ਆਮ ਪ੍ਰਬੰਧ ਤੁਹਾਡੇ ਲਈ ਵੀ ਉਪਲਬੱਧ ਹਨ।

**ਅਸੀਂ ਤੁਹਾਡੇ ਅਤੇ ਤੁਹਾਡੇ ਬੱਚੇ ਨਾਲ ਸਬੰਧਤ ਜਾਣਕਾਰੀ ਕਿਸ ਤਰ੍ਹਾਂ ਵਰਤਾਂਗੇ?** ਇੰਪੀਰੀਅਲ ਕਾਲਜ ਲੰਡਨ (Imperial College London) ਇਸ ਅਧਿਐਨ ਦਾ ਪ੍ਰਯੋਜਕ ਹੈ ਅਤੇ ਉਹ ਇਸ ਅਧਿਐਨ ਦੇ ਲਈ ਡਾਟਾ ਨਿਯੰਤਰਕ ਦੇ ਤੌਰ ਤੇ ਕੰਮ ਕਰਨਗੇ। ਇਸਦਾ ਮਤਲਬ ਹੈ ਕਿ ਤੁਹਾਡੀ ਜਾਣਕਾਰੀ ਦਾ ਧਿਆਨ ਰੱਖਣ ਲਈ ਅਤੇ ਇਸਨੂੰ ਸਹੀ ਤਰ੍ਹਾਂ ਵਰਤਣ ਲਈ ਅਸੀਂ ਜ਼ਿੰਮੇਵਾਰ ਹਾਂ। ਇੰਪੀਰੀਅਲ ਕਾਲਜ ਲੰਡਨ (Imperial College London) ਮੁੱਢਲੇ ਖੋਜ ਡਾਟਾ ਦੇ ਸਬੰਧ ਵਿਚ ਅਧਿਐਨ ਦੀ ਸਮਾਪਤੀ ਤੋਂ 10 ਸਾਲ ਬਾਅਦ ਤੱਕ ਤੁਹਾਡੇ ਨਿੱਜੀ ਡਾਟਾ ਨੂੰ ਰੱਖੇਗਾ। ਇਸ ਖੋਜ ਪ੍ਰੋਜੈਕਟ ਦੇ ਲਈ ਸਾਨੂੰ ਤੁਹਾਡੇ ਮੈਡੀਕਲ ਰਿਕਾਰਡਾਂ ਤੋਂ ਪ੍ਰਾਪਤ ਜਾਣਕਾਰੀ ਵਰਤਣੀ ਪਵੇਗੀ।
ਇਸ ਜਾਣਕਾਰੀ ਵਿਚ ਤੁਹਾਡੇ ਗਰਭਅਵਸਥਾ ਅਤੇ ਆਮ ਸਿਹਤ ਦੇ ਬਾਰੇ ਜਾਣਕਾਰੀ ਸ਼ਾਮਲ ਹੋਏਗੀ। ਲੋਕ ਇਸ ਜਾਣਕਾਰੀ ਨੂੰ ਖੋਜ ਕਰਨ ਦੇ ਲਈ ਵਰਤਣਗੇ ਜਾਂ ਰਿਕਾਰਡਾਂ ਦੀ ਜਾਂਚ ਕਰਨ ਲਈ ਵਰਤਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਖੋਜ ਸਹੀ ਤਰ੍ਹਾਂ ਕੀਤੀ ਜਾ ਰਹੀ ਹੈ। ਅਸੀਂ ਤੁਹਾਡੇ ਬਾਰੇ ਸਾਰੀ ਜਾਣਕਾਰੀ ਨੂੰ ਸਹੀ ਅਤੇ ਸੁਰੱਖਿਅਤ ਰੱਖਾਂਗੇ।
**ਕਾਨੂੰਨੀ ਆਧਾਰ** ਇਕ ਯੂਨੀਵਰਸਿਟੀ ਦੇ ਤੌਰ ਤੇ ਅਸੀਂ ਸਿਹਤ, ਦੇਖਭਾਲ ਅਤੇ ਸੇਵਾਵਾਂ ਵਿਚ ਸੁਧਾਰ ਕਰਨ ਲਈ ਖੋਜ ਕਰਨ ਲਈ ਵਿਅਕਤੀਗਤ ਰੂਪ ਵਿਚ ਪਛਾਣੀ ਜਾ ਸਕਣ ਵਾਲੀ ਜਾਣਕਾਰੀ ਦੀ ਵਰਤੋਂ ਕਰਦੇ ਹਾਂ। ਜਨਤਕ ਫੰਡਾਂ ਨੂੰ ਪ੍ਰਾਪਤ ਕਰਨ ਵਾਲੇ ਸੰਗਠਨ ਦੇ ਤੌਰ 'ਤੇ ਜਦੋਂ ਅਸੀਂ ਵਿਅਕਤੀਗਤ ਰੂਪ ਵਿਚ ਪਛਾਣੀ ਜਾ ਸਕਣ ਵਾਲੀ ਉਸ ਜਾਣਕਾਰੀ, ਜਿਸਨੂੰ ਅਸੀਂ ਉਨ੍ਹਾਂ ਲੋਕਾਂ ਤੋਂ ਪ੍ਰਾਪਤ ਕੀਤਾ ਹੈ ਜਿਨ੍ਹਾਂ ਨੇ ਖੋਜ ਵਿਚ ਭਾਗ ਲੈਣ ਦੀ ਸਹਿਮਤੀ ਦਿੱਤੀ ਹੈ, ਨੂੰ ਵਰਤਦੇ ਹਾਂ ਤਾਂ ਸਾਨੂੰ ਇਹ ਯਕੀਨੀ ਬਣਾਉਣਾ ਪੈਂਦਾ ਹੈ ਕਿ ਇਹ ਵਰਤੋਂ ਜਨਤਕ ਹਿੱਤ ਵਿਚ ਹੈ। ਇਸਦਾ ਮਤਲਬ ਹੈ ਕਿ ਜਦੋਂ ਤੁਸੀਂ ਖੋਜ ਅਧਿਐਨ ਵਿਚ ਭਾਗ ਲੈਣ ਦੀ ਸਹਿਮਤੀ ਦਿੰਦੇ ਹੋ ਤਾਂ ਅਸੀਂ ਤੁਹਾਡੇ ਡਾਟਾ ਨੂੰ ਉਨ੍ਹਾਂ ਤਰੀਕਿਆਂ ਨਾਲ ਵਰਤਾਂਗੇ ਜੋ ਤਰੀਕੇ ਖੋਜ ਅਧਿਐਨ ਨੂੰ ਕਰਨ ਅਤੇ ਵਿਸ਼ਲੇਸ਼ਣ ਕਰਨ ਲਈ ਲੋੜੀਂਦੇ ਹਨ। ਸਿਹਤ ਅਤੇ ਦੇਖਭਾਲ ਸਬੰਧੀ

# ਕੋਵਿਡ-19 ਵਿਚ ਗਰਭਅਵਸਥਾ ਅਤੇ ਨਵਜਾਤ ਬੱਚਿਆਂ ਸਬੰਧੀ ਨਤੀਜੇ

ਕੋਵਿਡ-19 ਵਿਚ ਗਰਭਅਵਸਥਾ ਅਤੇ ਨਵਜਾਤ ਬੱਚਿਆਂ ਸਬੰਧੀ ਨਤੀਜੇ ਇਲਾਜ ਅਤੇ ਰੋਕਥਾਮ ਵਿਚ ਮਾਰਗਦਰਸ਼ਨ ਲਈ ਕੁਦਰਤੀ ਪਿਛੋਕੜ ਨੂੰ ਸਮਝਣ ਲਈ ਗਰਭਅਵਸਥਾ ਅਤੇ ਉਨ੍ਹਾਂ ਦੇ ਨਵਜਾਤਾਂ ਵਿਚ ਕੋਵਿਡ-19 ਨਾਲ ਪ੍ਰਭਾਵਿਤ ਔਰਤਾਂ ਦੀ ਵਿਸ਼ਵੀ ਰਜਿਸਟਰੀ

ਖੋਜ ਨੂੰ ਜਨਤਕ ਹਿੱਤਾਂ ਦੀ ਸੇਵਾ ਕਰਨੀ ਚਾਹੀਦੀ ਹੈ, ਜਿਸਦਾ ਮਤਲਬ ਹੈ ਕਿ ਸਾਨੂੰ ਇਹ ਦਰਸਾਉਣਾ ਪਵੇਗਾ ਕਿ ਸਾਡੀ ਖੋਜ ਸੰਪੂਰਨ ਸਮਾਜ ਦੇ ਹਿੱਤਾਂ ਦੀ ਸੇਵਾ ਕਰਦੀ ਹੈ। ਅਸੀਂ ਯੂ ਕੇ ਪਾਲਸੀ ਫ੍ਰੇਮਵਰਕ ਫਾਰ ਹੈਲਥ ਐਂਡ ਸੋਸ਼ਲ ਕੇਅਰ ਰਿਸਰਚ (UK Policy Framework for Health and Social Care Research) ਦੀ ਪਾਲਣਾ ਕਰਕੇ ਅਜਿਹਾ ਕਰਦੇ ਹਾਂ।

**ਅੰਤਰਰਾਸ਼ਟਰੀ ਹਸਤਾਂਤਰਣ** ਜਾਣਕਾਰੀ ਨੂੰ ਯੂਰਪੀਅਨ ਇਕਨਾਮਿਕ ਏਰੀਆ (European Economic Area) ਦੇ ਦੇਸ਼ਾਂ ਤੋਂ ਬਾਹਰ ਦੂਜੇ ਦੇਸ਼ਾਂ (ਉਦਾਹਰਣ ਵੱਜੋਂ, ਕਿਸੇ ਖੋਜ ਦੇ ਭਾਗੀਦਾਰ) ਨੂੰ ਭੇਜਣ ਦੀ ਲੋੜ ਪੈ ਸਕਦੀ ਹੈ। ਉਨ੍ਹਾਂ ਹਾਲਤਾਂ ਜਿਨ੍ਹਾਂ ਵਿਚ ਇਸ ਜਾਣਕਾਰੀ ਦੇ ਵਿਚ ਤੁਹਾਡਾ ਨਿੱਜੀ ਡਾਟਾ ਹੁੰਦਾ ਹੈ, ਇੰਪੀਰੀਅਲ ਕਾਲਜ ਲੰਡਨ (Imperial College London) ਇਹ ਯਕੀਨੀ ਬਣਾਏਗਾ ਕਿ ਇਸਨੂੰ ਡਾਟਾ ਪ੍ਰੋਟੈਕਸ਼ਨ ਕਾਨੂੰਨ ਦੇ ਅਧੀਨ ਹਸਤਾਂਤਰਿਤ ਕੀਤਾ ਜਾਂਦਾ ਹੈ। ਜੇ ਇਸਨੂੰ ਕਿਸੇ ਅਜਿਹੇ ਦੇਸ਼ ਭੇਜਿਆ ਜਾਂਦਾ ਹੈ ਜੋ ਡਾਟਾ ਸੁਰੱਖਿਅਣ ਦੇ ਮਾਨਕਾਂ ਦੇ ਸੰਦਰਭ ਵਿਚ ਯੂਰਪੀਅਨ
ਕਮਿਸ਼ਨ (**ਈ ਸੀ**) (European Commission, EC) ਦੇ ਉਪਯੁਕਤਤਾ ਦੇ ਨਿਰਣੇ ਦੇ ਅਧੀਨ ਨਹੀਂ ਹੈ, ਤਾਂ ਇੰਪੀਰੀਅਲ ਕਾਲਜ ਜਾਣਕਾਰੀ ਪ੍ਰਾਪਤ ਕਰਨ ਵਾਲੇ ਸੰਗਠਨ ਦੇ ਨਾਲ ਇਕ ਸਮਝੌਤਾ ਕਰੇਗਾ ਜਿਸ ਵਿਚ ਈ ਸੀ (EC) ਦੁਆਰਾ ਸਵੀਕ੍ਰਿਤੀ ਦਿੱਤੀ ਗਈ ਮਾਨਕ ਸਮਝੌਤੇ ਦੀ ਸ਼ਰਤ ਸ਼ਾਮਲ ਹੁੰਦੀ ਹੈ ਜੋ ਇਸ ਬਾਰੇ ਸੁਰੱਖਿਆ ਪ੍ਰਦਾਨ ਕਰਦੀ ਹੈ ਕਿ ਤੁਹਾਡੇ ਨਿੱਜੀ ਡਾਟਾ ਨੂੰ ਕਿਵੇਂ ਪ੍ਰੋਸੈਸ ਕੀਤਾ ਜਾਵੇਗਾ।

**ਤੁਹਾਡੀ ਜਾਣਕਾਰੀ ਨੂੰ ਦੂਜਿਆਂ ਨਾਲ ਸਾਂਝਾ ਕਰਨਾ** ਇਸ ਨਿੱਜਤਾ ਨੋਟਿਸ ਵਿਚ ਦੱਸੇ ਮਕਸਦਾਂ ਲਈ ਅਤੇ ਜਿਸ ਤਰ੍ਹਾਂ ਉੱਪਰ ਦੱਸਿਆ ਗਿਆ ਹੈ ਇਸ ਉੱਪਰ ਕਾਰਵਾਈ ਕਰਨ ਦੇ ਆਧਾਰ ਉੱਪਰ ਨਿਰਭਰਤਾ ਅਨੁਸਾਰ, ਅਸੀਂ ਤੁਹਾਡੇ ਨਿੱਜੀ ਡਾਟਾ ਨੂੰ ਕੁਝ ਨਿਸ਼ਚਤ ਤੀਜੀਆਂ ਧਿਰਾਂ ਨਾਲ ਸਾਂਝਾ ਕਰਾਂਗੇ।

- ਇੰਪੀਰੀਅਲ ਕਾਲਜ ਦੇ ਹੋਰ ਕਰਮਚਾਰੀ, ਏਜੰਟ, ਠੇਕੇਦਾਰ ਅਤੇ ਸੇਵਾ ਪ੍ਰਦਾਤੇ (ਉਦਾਹਰਣ ਦੇ ਤੌਰ ਤੇ ਪ੍ਰਿੰਟਿੰਗ ਅਤੇ ਡਾਕ ਸੇਵਾਵਾਂ ਦੇ ਸਪਲਾਇਰ, ਈਮੇਲ ਕਮਿਊਨੀਕੇਸ਼ਨ ਸਰਵਿਸਜ਼ ਜਾਂ ਵੈਬ ਸਰਵਿਸਜ਼, ਜਾਂ ਉਹ ਸਪਲਾਇਰ ਜੋ ਸਾਨੂੰ ਉੱਪਰ ਦੱਸੀਆਂ ਗਈਆਂ ਗਤੀਵਿਧੀਆਂ ਵਿਚੋਂ ਕੋਈ ਵੀ ਕਰਨ ਵਿਚ ਮਦਦ ਕਰਦੇ ਹਨ)। ਸਾਡੇ ਤੀਜੀ ਧਿਰ ਵਾਲੇ ਸੇਵਾ ਪ੍ਰਦਾਤਿਆਂ ਨੂੰ ਸਾਡੇ ਨਾਲ ਡਾਟਾ ਪ੍ਰੋਸੈਸਿੰਗ ਸਬੰਧੀ ਸਮਝੌਤੇ ਕਰਨ ਦੀ ਜ਼ਰੂਰਤ ਹੁੰਦੀ ਹੈ। ਅਸੀਂ ਉਨ੍ਹਾਂ ਨੂੰ ਕੇਵਲ ਖਾਸ ਮਕਸਦਾਂ ਲਈ ਤੁਹਾਡੇ ਨਿੱਜੀ ਡਾਟਾ ਨੂੰ ਪ੍ਰੋਸੈਸ ਕਰਨ ਦੀ ਆਗਿਆ ਦਿੰਦੇ ਹਾਂ ਅਤੇ ਇਹ ਸਾਡੀਆਂ ਨੀਤੀਆਂ ਦੇ ਅਨੁਸਾਰ ਹੁੰਦਾ ਹੈ।
- ਕਾਰਡਿਫ਼ ਯੂਨੀਵਰਸਿਟੀ (Cardiff University), ਜੋ ਅਧਿਐਨ ਲਈ ਡਾਟਾਬੇਸ ਨੂੰ ਚਲਾ ਰਹੇ ਹਨ

ਇਕ ਜਨਤਕ-ਫੰਡ ਨੂੰ ਪ੍ਰਾਪਤ ਕਰਨ ਵਾਲੀ ਖੋਜ ਵਜੋਂ, ਅਸੀਂ ਇਸ ਅਧਿਐਨ ਤੋਂ ਪ੍ਰਾਪਤ ਗੁੰਮਨਾਮ ਡਾਟਾ ਨੂੰ ਨੈਤਿਕ ਮਨਜ਼ੂਰੀ ਪ੍ਰਾਪਤ ਕੋਵਿਡ-19 ਨਾਲ ਸਬੰਧਿਤ ਹੋਰ ਅਧਿਐਨਾਂ ਨੂੰ ਉਪਲਬਧ ਕਰਵਾਵਾਂਗੇ। ਅਜਿਹਾ ਡਾਟਾ ਜੋ ਤੁਹਾਡਾ ਪਛਾਣ ਜ਼ਾਹਰ ਕਰ ਸਕਦਾ ਹੈ ਉਸਨੂੰ ਸਾਂਝਾ ਨਹੀਂ ਕੀਤਾ ਜਾਵੇਗਾ।

**ਤੁਹਾਡੀ ਜਾਣਕਾਰੀ ਨੂੰ ਕਿਸ ਤਰ੍ਹਾਂ ਵਰਤਿਆ ਜਾਵੇਗਾ ਇਸ ਬਾਰੇ ਤੁਹਾਡੇ ਵਿਕਲਪ ਕਿਹੜੇ ਹਨ?** ਤੁਸੀਂ ਕਿਸੇ ਵੀ ਸਮੇਂ, ਕੋਈ ਵੀ ਕਾਰਨ ਦਿੱਤੇ ਬਿਨਾਂ c.lees @imperial.ac.uk but ਨੂੰ ਈਮੇਲ ਕਰਕੇ ਅਧਿਐਨ ਦਾ ਹਿੱਸਾ ਬਣਨਾ ਬੰਦ ਕਰ ਸਕਦੇ ਹਨ, ਪਰ ਅਸੀਂ ਸਾਡੇ ਕੋਲ ਤੁਹਾਡੇ ਬਾਰੇ ਪਹਿਲਾਂ ਤੋਂ ਮੌਜੂਦ ਜਾਣਕਾਰੀ ਨੂੰ ਰੱਖਿਆ ਜਾਵੇਗਾ।

- ਜੇ ਤੁਸੀਂ ਅਧਿਐਨ ਵਿਚ ਭਾਗ ਲੈਣਾ ਬੰਦ ਕਰਨਾ ਚੁਣਦੇ ਹਨ, ਤਾਂ ਅਸੀਂ ਤੁਹਾਡੇ ਹਸਪਤਾਲ ਤੋਂ ਤੁਹਾਡੀ ਸਿਹਤ ਬਾਰੇ ਜਾਣਕਾਰੀ ਇਕੱਤਰ ਕਰਨੀ ਜਾਰੀ ਰੱਖਣਾ ਚਾਹਵਾਂਗੇ। ਜੇ ਤੁਸੀਂ ਨਹੀਂ ਚਾਹੁੰਦੇ ਕਿ ਅਸੀਂ ਅਜਿਹਾ ਕਰੀਏ ਤਾਂ ਸਾਨੂੰ ਦੱਸੋ ਅਤੇ ਅਸੀਂ ਇਹ ਬੰਦ ਕਰ ਦੇਵਾਂਗੇ।
- ਖੋਜ ਦੇ ਭਰੋਸੇਯੋਗ ਹੋਣ ਲਈ ਸਾਨੂੰ ਤੁਹਾਡੇ ਰਿਕਾਰਡਾਂ ਨੂੰ ਖਾਸ ਤਰੀਕਿਆਂ ਨਾਲ ਸੰਭਾਲਣ ਦੀ ਲੋੜ ਹੈ। ਇਸਦਾ ਮਤਲਬ ਹੈ ਅਸੀਂ ਤੁਹਾਨੂੰ ਸਾਡੇ ਦੁਆਰਾ ਤੁਹਾਡੇ ਬਾਰੇ ਰੱਖੇ ਗਏ ਡਾਟਾ ਨੂੰ ਦੇਖਣ ਜਾਂ ਬਦਲਣ ਦੀ ਆਗਿਆ ਨਹੀਂ ਦੇਵਾਂਗੇ।

**ਤੁਹਾਡੀ ਜਾਣਕਾਰੀ ਨੂੰ ਕਿਸ ਤਰ੍ਹਾਂ ਵਰਤਿਆ ਜਾਂਦਾ ਹੈ ਇਸ ਬਾਰੇ ਹੋਰ ਜਾਣਕਾਰੀ ਤੁਸੀਂ ਕਿੱਥੇ ਦੇਖ ਸਕਦੇ ਹੋ** ਅਸੀਂ ਤੁਹਾਡੀ ਜਾਣਕਾਰੀ ਕਿਸ ਤਰ੍ਹਾਂ ਵਰਤਦੇ ਹਾਂ ਇਸ ਬਾਰੇ ਹੋਰ ਜਾਣਕਾਰੀ ਤੁਸੀਂ ਇੱਥੇ ਦੇਖ ਸਕਦੇ

- ਹੋ www.hra.nhs.uk/information-about-patients/
- ਖੋਜ ਟੀਮਾਂ ਵਿੱਚੋਂ ਇਕ ਨੂੰ ਪੁੱਛ ਕੇ
- pan-covid@cardiff.ac.uk ਨੂੰ ਇਕ ਈਮੇਲ ਭੇਜ ਕੇ

**ਸ਼ਿਕਾਇਤ** ਜਿਸ ਤਰ੍ਹਾਂ ਅਸੀਂ ਤੁਹਾਡੇ ਵਿਅਕਤੀਗਤ ਡਾਟਾ ਨੂੰ ਸੰਭਾਲਦੇ ਹਾਂ, ਜੇ ਤੁਸੀਂ ਇਸ ਬਾਰੇ ਸ਼ਿਕਾਇਤ ਕਰਨੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਇੰਪੀਰੀਅਲ ਕਾਲਜ ਦੇ ਡਾਟਾ ਪ੍ਰੋਟੈਕਸ਼ਨ ਅਫ਼ਸਰ (Imperial College London's Data Protection Officer) ਨੂੰ ਈਮੇਲ ਰਾਹੀਂ dpo@imperial.ac.uk 'ਤੇ ਸੰਪਰਕ ਕਰੋ ਜਾਂ 020 7594 3502 ਉੱਪਰ ਟੈਲੀਫ਼ੋਨ ਰਾਹੀਂ
ਅਤੇ/ਜਾਂ ਡਾਕ ਰਾਹੀਂ Imperial College London, Data Protection Officer, Faculty Building Level 4, London SW7 2AZ 'ਤੇ ਸੰਪਰਕ ਕਰੋ। ਜੇ ਤੁਸੀਂ ਸਾਡੇ ਜੁਆਬਾਂ ਤੋਂ ਸੰਤੁਸ਼ਟ ਨਹੀਂ ਹੋ ਜਾਂ ਵਿਸ਼ਵਾਸ਼ ਕਰਦੇ ਹੋ ਕਿ ਅਸੀਂ ਤੁਹਾਡੇ ਵਿਅਕਤੀਗਤ ਡਾਟਾ ਤੇ ਇਸ ਤਰ੍ਹਾਂ ਕਾਰਵਾਈ ਕਰ ਰਹੇ ਹਾਂ ਜੋ ਕਾਨੂੰਨੀ ਨਹੀਂ ਹੈ ਤਾਂ ਤੁਸੀਂ ਇਨਫਾਰਮੇਸ਼ਨ ਕਮਿਸ਼ਨਰ ਦੇ ਦਫ਼ਤਰ (ਆਈ ਸੀ ਓ) (Information Commissioner's Office, ICO) ਨੂੰ ਸ਼ਿਕਾਇਤ ਕਰ ਸਕਦੇ ਹੋ। ਆਈ ਸੀ ਓ (ICO) ਇਹ ਸਿਫ਼ਾਰਸ਼ ਕਰਦਾ ਹੈ ਕਿ ਤੁਸੀਂ ਰੈਗੁਲੇਟਰ ਨੂੰ ਸ਼ਾਮਲ ਕਰਨ ਤੋਂ ਪਹਿਲਾਂ ਮਾਮਲੇ ਨੂੰ ਡਾਟਾ ਕੰਟਰੋਲਰ (ਸਾਡੇ ਨਾਲ) ਨਾਲ ਹੱਲ ਕਰਨ ਦੀ ਕੋਸ਼ਿਸ਼ ਕਰੋ। ਇਕ ਵਾਰ ਸਾਡੇ ਦੁਆਰਾ ਅਧਿਐਨ ਨੂੰ ਸਮਾਪਤ ਕਰਨ ਦੇ ਬਾਅਦ, ਸਾਡੇ ਦੁਆਰਾ ਕੁਝ ਡਾਟਾ ਨੂੰ ਰੱਖਿਆ ਜਾਵੇਗਾ ਤਾਂ ਜੋ ਅਸੀਂ ਨਤੀਜਿਆਂ ਦੀ ਜਾਂਚ ਕਰ ਸਕੀਏ।
ਅਸੀਂ ਆਪਣੀਆਂ ਰਿਪੋਰਟਾਂ ਨੂੰ ਇਸ ਤਰ੍ਹਾਂ ਲਿਖਾਂਗੇ ਕਿ ਕੋਈ ਵੀ ਇਹ ਪਤਾ ਨਹੀਂ ਲਗਾ ਸਕੇ ਕਿ ਤੁਸੀਂ ਅਧਿਐਨ ਵਿਚ ਭਾਗ ਲਿਆ ਹੈ।